# ਅਜੀਤ ਪੱਤੋ ਦੀ ਯਾਦ ਵਿੱਚ ਭਾਰਤੀ ਸਾਹਿਤ ਅਕਾਦਮੀ ਵੱਲੋਂ ਪੱਤੋ ਵਿਖੇ ਸਮਾਗਮ ਰਚਾਇਆ ਗਿਆ



ਨਿਹਾਲ ਸਿੰਘ ਵਾਲਾ / ਰਾਜਵਿੰਦਰ ਰੌਂਤਾ

ਨਿਹਾਲ ਸਿੰਘ ਵਾਲਾ ਦੇ ਪਿੰਡ ਪੱਤੋ ਹੀਰਾ ਸਿੰਘ ਵਿਖੇ ਭਾਰਤੀ ਸਾਹਿਤ ਅਕਾਦਮੀ ਦਿੱਲੀ ਵੱਲੋਂ ਮਰਹੂਮ ਕਹਾਣੀਕਾਰ ਅਜੀਤ ਸਿੰਘ ਪੱਤੋ ਦੀ ਯਾਦ ਨੂੰ ਸਮਰਪਿਤ' ਗ੍ਰਾਮ ਲੋਕ' ਸਮਾਗਮ ਕਰਵਾਇਆ ਗਿਆ। ਪੰਜਾਬੀ ਲੇਖਕ ਸਭਾ ਨਿਹਾਲ ਸਿੰਘ ਵਾਲਾ ਅਤੇ ਗ੍ਰਾਮ ਪੰਚਾਇਤ ਪੱਤੋ ਹੀਰਾ ਸਿੰਘ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਸਮਾਗਮ ਵਿੱਚ ਸਭਾ ਦੇ ਪ੍ਰਧਾਨ ਪਰਸ਼ੋਤਮ ਪੱਤੋ ਨੇ ਪਹੁੰਚੇ ਹੋਏ ਲੇਖਕ ਸਾਹਿਤ ਪ੍ਰੇਮੀਆਂ ਨੂੰ ਜੀ ਆਇਆਂ ਨੂੰ ਆਖਿਆ। ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਨਿੰਦਰ ਘੁਗਿਆਣਵੀ, ਬਲਦੇਵ ਸਿੰਘ ਸੜਕਨਾਮਾ, ਕੇ ਐਲ ਗਰਗ ਤੇਜਾ ਸਿੰਘ ਤਿਲਕ, ਅਜੀਤ ਸਿੰਘ ਪੱਤੋ ਦੀ ਬੇਟੀ ਮਨਜੋਤ ਕੌਰ, ਸਭਾ ਦੇ ਸਰਪ੍ਰਸਤ ਧਾਮਕੌਰ ਪੱਤੋ ਤੇ ਬੂਟਾ ਸਿੰਘ ਚੌਹਾਨ ਸੁਸ਼ੋਭਿਤ ਸਨ। ਸਮਾਗਮ ਦੇ ਮੁੱਖ ਮਹਿਮਾਨ ਨਿੰਦਰ ਘੁਗਿਆਣਵੀ ਨੇ ਭਾਰਤੀ ਸਾਹਿਤ ਅਕਾਦਮੀ ਦਿੱਲੀ ਵੱਲੋਂ ਲਿਖਾਰੀਆਂ ਦੇ ਪਿੰਡ ਜਾ ਕੇ ਸਮਾਗਮ ਕਰਨ ਨੂੰ ਸ਼ਲਾਘਾਯੋਗ ਕਾਰਜ ਦੱਸਿਆ ਅਤੇ ਅਜੀਤ ਸਿੰਘ ਪੱਤੋ ਦੀਆਂ ਯਾਦਾਂ ਨਾਲ ਜੁੜਿਆ ਲੇਖ ਪੇਸ਼ ਕਰ ਕੇ ਸਰੋਤਿਆਂ ਨੂੰ ਭਾਵੁਕ ਕਰ ਦਿੱਤਾ। ਸਰੋਤਿਆਂ ਰੂਹ ਨਾਲ ਸੁਣਿਆ। ਵਿਅੰਗਕਾਰ ਕੇ ਐਲ ਗਰਗ ਨੇ ਵਿਅੰਗਮਈ ਅੰਦਾਜ਼ ਵਿੱਚ ਪੱਤੋ ਨਾਲ ਜੁੜੀਆਂ ਯਾਦਾਂ ਨੂੰ ਸਾਂਝਾ ਕੀਤਾ। ਉਹਨਾਂ ਦੇ ਹਾਸੇ ਠੱਠੇ ਵਾਲੇ ਸੁਭਾਅ ਅਤੇ ਗੰਭੀਰ ਲੇਖਣੀ ਬਾਰੇ ਦੱਸਿਆ।

ਬਲਦੇਵ ਸਿੰਘ ਸੜਕਨਾਮਾ ਨੇ ਅਜੀਤ ਸਿੰਘ ਪੱਤੋ ਦੀ ਮੌਤ 'ਤੇ ਉਦੋਂ ਛਪਿਆ ਵਿਸ਼ੇਸ਼ ਲੇਖ, ਪੱਤੋ ਇਜ ਡੈਡ ਪੜ੍ਹ ਕੇ ਸੁਣਾਇਆ। ਜੋਕਿ ਗਹਿਰ ਗੰਭੀਰ ਤੇ ਯਥਾਰਥਵਾਦੀ ਲੇਖ ਸੀ।

ਮੰਚ ਦਾ ਸੰਚਾਲਨ ਕਰਦਿਆਂ ਸ਼ਾਇਰ ਬੂਟਾ ਸਿੰਘ ਚੌਹਾਨ ਨੇ ਕੀਤਾ। ਕਿਹਾ ਕਿ ਆਪਾਂ ਜਸਵੰਤ ਸਿੰਘ ਕੰਵਲ ਤੇ ਸੰਤ ਰਾਮ ਉਦਾਸੀ ਦੇ ਪਿੰਡ ਵੀ ਸਮਾਗਮ ਕਰਵਾਵਾਂਗੇ।

ਤੇਜਾ ਸਿੰਘ ਤਿਲਕ ਨੇ ਅਜੀਤ ਸਿੰਘ ਪੱਤੋ ਦੀਆਂ ਕਹਾਣੀਆਂ ਬਾਰੇ ਵਿਸ਼ਲੇਸ਼ਣ ਕਰਦੇ ਕਿਹਾ ਕਿ ਪੱਤੋ ਦੀਆਂ ਕਹਾਣੀਆਂ ਅੱਜ ਵੀ ਪਹਿਲਾਂ ਨਾਲੋਂ ਵੱਧ ਮੁੱਲਵਾਨ ਹਨ। ਮਨਜੋਤ ਕੌਰ ਪਟਿਆਲਾ ਨੇ ਭਾਰਤੀ ਸਾਹਿਤ ਅਕਾਦਮੀ ਦਾ ਧਨਵਾਦ ਕੀਤਾ। ਇਸ ਸਮਾਗਮ ਵਿੱਚ ਸਰਪੰਚ ਅਮਰਜੀਤ ਸਿੰਘ ਪੱਤੋ, ਤਰਿੰਦਰ ਕੌਰ ਸਾਬਕਾ ਡਿਪਟੀ ਡਾਇਰੈਕਟਰ ਪੀਏਯੂ, ਪ੍ਰਿੰ ਮਨਜਿੰਦਰ ਕੌਰ ਢੁੱਡੀਕੇ, ਮਨਜੀਤ ਕੌਰ ਬਰਾੜ, ਹਰਦੀਪ ਸਿੰਘ ਬਰਾੜ ਰਜਿੰਦਰ ਕੌਰ, ਕੁਲਦੀਪ ਸਿੰਘ ਸਮਿਤੀ ਮੈਂਬਰ, ਗੁਰਮੇਲ ਬੌਡੇ, ਅਸ਼ੋਕ ਚੁਟਾਨੀ, ਸੀਰਾ ਗਰੇਵਾਲ, ਬਸੰਤ ਸਿੰਘ ਛਤੀ, ਇੰਜੀਨੀਅਰ ਅੰਮ੍ਰਿਤਪਾਲ ਸਿੰਘ, ਨਿਰੰਜਣ ਸਿੰਘ, ਗੋਪਾਲ ਸਿੰਘ, ਨਵਜੋਤ ਸਿੰਘ,

ਹਰਵਿੰਦਰ ਰੋਡੇ, ਜਸਵੰਤ ਸਿੰਘ ਬਾਘਾ ਪੁਰਾਣਾ, ਡਾਕਟਰ ਅਮਨ ਟੱਲੇਵਾਲੀਆ, ਹਾਕਮ ਰੂੜੇ ਕੇ, ਡਾਕਟਰ ਸੰਪੂਰਨ ਸਿੰਘ ਟੱਲੇ ਵਾਲੀਆ, ਸ਼ਮਸ਼ੇਰ ਮੱਲ੍ਹੀ, ਗਗਨ ਫੂਲ, ਸਰਬ ਜੀਤ ਕੌਰ ਮੋਗਾ, ਕਰਮਜੀਤ ਕੌਰ ਲੰਡੇ ਕੇ, ਗਗਨਦੀਪ ਮਲੇਰਕੋਟਲਾ, ਜਸਵੰਤ ਰਾਉਕੇ, ਹਰਪ੍ਰੀਤ ਪੱਤੋ, ਪ੍ਰਧਾਨ ਕੁਲਵੰਤ ਗਰੇਵਾਲ ਪੱਤੋ, ਜਗਦੀਸ਼ ਸ਼ਰਮਾ, ਅੰਮ੍ਰਿਤ ਕੰਡਾ, ਭੋਲਾ ਲੰਡੇ, ਸਾਧੂ ਰਾਮ ਲੰਗੇਆਣਾ, ਤੇਜਾ ਸਿੰਘ ਧੂੜਕੋਟ, ਸਰਬਜੀਤ ਰਣਸੀਂਹ, ਹਰਪ੍ਰੀਤ ਸਿੰਘ ਮੋਗਾ, ਸਰਬਜੀਤ ਦੌਧਰ, ਐਡਵੋਕੇਟ ਪਰਮਿੰਦਰ ਸਿੰਘ, ਪ੍ਰੀਤਮ ਸਿੰਘ ਲਹਿਰੀ, ਤਾਜ ਮਹਿੰਦਰ ਸਿੰਘ, ਪਰਵਿੰਦਰ ਗਿੱਲ, ਪਰਵਿੰਦਰ ਟਿਵਾਣਾ, ਸੁਖਮੰਦਰ ਸਿੰਘ ਪੰਚ, ਮੇਜਰ ਸਿੰਘ, ਲੱਖਾ ਸਿੰਘ, ਯਸ਼ ਪੱਤੋ ਮੰਗਲ ਮੀਤ ਪੱਤੋ, ਮੋਹੀ ਅਮਰਜੀਤ ਜਗਦੀਸ਼ ਪ੍ਰੀਤਮ, ਜਸਵੰਤ ਸਿੰਘ, ਅਮਰੀਕ ਸੈਦੋ ਕੇ, ਜੰਗੀਰ ਸਿੰਘ ਖੋਖਰ, ਲਾਲੀ ਬਰਾੜ, ਪਰਮਜੀਤ ਪੰਮਾ, ਅੰਮ੍ਰਿਤ ਕੰਡਾ, ਤਾਜ ਮਹਿੰਦਰ ਸਿੰਘ, ਦਵਿੰਦਰ ਬਰਾੜ, ਰਾਜਪਾਲ ਪੱਤੋ, ਹਰਪ੍ਰੀਤ ਪੱਤੋ, ਸਮੇਤ ਸਾਹਿਤਕਾਰ ਸਾਹਿਤ ਪ੍ਰੇਮੀਆਂ ਤੇ ਪਿੰਡ ਵਾਸੀਆਂ ਨੇ ਸ਼ਿਰਕਤ ਕੀਤੀ। ਸੰਧੂ ਬਰਦਰ ਵੱਲੋਂ ਪੁਸਤਕ ਪ੍ਰਦਰਸ਼ਨੀ ਲਗਾਈ ਗਈ।

ਕਨੇਡਾ
ਦੇਸ਼ ਵਿਦੇਸ਼ ਟਾਈਮਜ਼
ਲੋਕਾਂ ਦੀਆਂ ਗੱਲਾਂ...ਲੋਕਾਂ ਤੱਕ